THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਅਤਿ ਜ਼ਰੂਰੀ/ਸਮਾਂ ਬੱਧ

ਨੰ.ਪੀ.ਐਸ.ਬੀ/ਆਈ.ਟੀ/2015/ 2580 ਮਿਤੀ: 14/8/15.

ਸੇਵਾ ਵਿਖੇ,

ਪ੍ਰਿੰਸੀਪਲ/ਸੁਪਰਡੰਟ,
ਸਮੂਹ ਪੰਜਾਬ ਰਾਜ ਅਧੀਨ ਐਨ.ਸੀ.ਵੀ.ਟੀ ਕੇਂਦਰ/ਸੰਸਥਾਵਾਂ।

ਵਿਸ਼ਾ: **Packing Instructions for OMR / Answersheets/Drawing sheets**

ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਸਮੂਹ ਐਨ.ਸੀ.ਵੀ.ਟੀ ਪ੍ਰੀਖਿਆ ਕੇਂਦਰਾਂ ਦੁਆਰਾ ਡੀ.ਜੀ.ਅਤੇ ਟੀ ਨਵੀਂ ਦਿੱਲੀ/ਬੋਰਡ ਦੀਆਂ ਹਦਾਇਤਾਂ ਅਨੁਸਾਰ ਓ ਐਮ ਆਰ ਸ਼ੀਟਾਂ / ਡਰਾਇੰਗ ਸ਼ੀਟਾਂ/ਆਨਸਰਸ਼ੀਟਾਂ ਦੀ ਪੈਕਿੰਗ ਕੀਤੀ ਜਾਣੀ ਲਾਜ਼ਮੀ ਹੈ। ਇਸ ਸਬੰਧ ਵਿੱਚ ਡੀ ਜੀ ਟੀ ਤੋਂ ਪ੍ਰਾਪਤ ਹੋਈਆਂ ਹਦਾਇਤਾਂ ਨੂੰ ਸਮੇ ਸਿਰ ਇੰਨ ਬਿੰਨ ਪਾਲਣਾ ਹਿੱਤ ਪੰਜਾਬ ਸਟੇਟ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪੰਜਾਬ ਬੋਰਡ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਸੀ ਕਿ ਉਪਰੋਕਤ ਦਰਸਾਏ ਅਨੁਸਾਰ ਸ਼ੀਟਾਂ/ਪ੍ਰੈਕਟੀਕਲ ਅਵਾਰਡ ਲਿਸਟਾਂ ਬੋਰਡ ਦੇ ਦਫਤਰ ਵੱਲੋਂ ਹੀ ਇੱਕਠੀਆਂ ਕੀਤੀਆਂ ਜਾਣਗੀਆਂ। ਪਰ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਸੰਸਥਾਵਾਂ ਵੱਲੋਂ ਡੀ ਜੀ ਟੀ, ਨਵੀਂ ਦਿੱਲੀ/ਪੰਜਾਬ ਬੋਰਡ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ ਇਹ ਪੇਪਰ ਕੋਰੀਅਰ/ਡਾਕ ਰਾਹੀਂ ਭੇਜੇ ਜਾ ਰਹੇ ਹਨ ਅਤੇ ਪੈਕਿੰਗ ਵੀ ਹਦਾਇਤਾਂ ਮੁਤਾਬਕ ਨਹੀਂ ਕੀਤੀ ਗਈ। ਗਲਤ ਪੈਕਿੰਗ ਹੋਣ ਨਾਲ ਆਨਸਰ ਸ਼ੀਟਾਂ ਗੁਆਚਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਜਿਸ ਦੇ ਫਲਸਵਰੂਪ ਨਤੀਜਾ ਜਾਰੀ ਹੋਣ ਵਿੱਚ ਕਾਫੀ ਔਂਕੜਾਂ ਪੇਸ਼ ਆ ਸਕਦੀਆਂ ਹਨ ਅਤੇ ਦੇਰੀ ਵੀ ਹੋ ਸਕਦੀ ਹੈ।

ਕਿਸੇ ਵੀ ਤਰਾਂ ਦੀ ਉਲਝਣ ਤੋਂ ਬੱਚਣ ਲਈ ਉਹਨਾਂ ਸੰਸਥਾਵਾਂ ਨੂੰ, ਜਿਹਨਾਂ ਵੱਲੋਂ ਕਿ ਓ.ਐਮ.ਆਰ ਸ਼ੀਟਾਂ/ਆਨਸਰ ਸ਼ੀਟਾਂ ਦੇ ਪੈਕਟ ਡਾਕ/ਕੋਰੀਅਰ ਰਾਹੀਂ ਭੇਜੇ ਗਏ ਹਨ, ਉਹਨਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਬੋਰਡ ਵਿਖੇ ਮਿਤੀ 17/8/2015 ਨੂੰ ਆਪਣੀ ਸੰਸਥਾ ਦੇ ਦੋ ਜਿੰਮੇਵਾਰ ਅਧਿਕਾਰੀਆਂ/ਕਰਮਚਾਰੀਆਂ ਨੂੰ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਉਣ ਤਾਂ ਜੋ ਡੀ.ਜੀ.ਟੀ ਦੀਆਂ ਹਦਾਇਤਾਂ ਅਨੁਸਾਰ ਹੀ ਪੈਕਿੰਗ ਕੀਤੀ ਜਾ ਸਕੇ ਅਤੇ ਆਨਸਰ ਸੀਟਾਂ ਮਾਰਕਿੰਗ ਲਈ ਡੀ.ਜੀ.ਟੀ ਨਵੀਂ ਦਿੱਲੀ ਭੇਜੀਆਂ ਜਾ ਸਕਣ। ਇੱਥੇ ਇਹ ਵੀ ਦਸਿਆ ਜਾਂਦਾ ਹੈ ਕਿ ਪੈਕਿੰਗ ਸਬੰਧੀ ਸਟੇਸ਼ਨਰੀ, ਟੇਪ, ਨਿਰਧਾਰਤ ਸਾਇਜ਼ ਦੇ ਡੱਬੇ, ਕਪੜਾ ਆਦਿ ਸੰਸਥਾਵਾਂ ਆਪਣੀਆਂ ਹੀ ਲੈ ਕੇ ਆਉਣਗੀਆਂ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਿਸੇ ਵੀ ਤਰਾਂ ਦੀ ਉਲਝਣ ਪੈਦਾ ਹੋਣ ਸਬੰਧੀ ਪੂਰਨ ਜਿੰਮੇਵਾਰੀ ਪ੍ਰੀਖਿਆ ਕੇਂਦਰ/ਸਬੰਧਤ ਸੰਸਥਾ ਦੇ ਮੁੱਖੀ ਦੀ ਹੀ ਹੋਵੇਗੀ।

14/8/15

ਕੰਟਰੋਲਰ ਪ੍ਰੀਖਿਅਵਾਂ(ਆਈ.ਟੀ)